2024 41660
ਈ-ਮੇਲ ਰਾਹੀਂ 13/3/2024 ਅ-4

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ
ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

13/3

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
2. ਸਮੂਹ ਬੀ.ਪੀ.ਈ.ਓ. ਦਫਤਰ
3. ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ
4. ਸਮੂਹ ਪ੍ਰਿੰਸੀਪਲ ਡਾਇਟ।

ਮੀਮੋ ਨੰ.: ਈ-257546 / DPISE-MEOESTB/64/2021-ਦਅ(1)/202467979

ਮਿਤੀ: 13-03-2024

ਵਿਸ਼ਾ:- ਸਿੱਖਿਆ ਵਿਭਾਗ ਵਿੱਚ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ ਦਾ ਟਾਈਪ ਟੈਸਟ ਲੈਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ:257546/ DPISE-MEOESTB/64/2021-ਦਅ(1)/202464796, ਮਿਤੀ 11-3-24 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੇ ਟਾਈਪ ਟੈਸਟ ਦੇ ਨਤੀਜੇ ਵਿੱਚ ਜੋ ਕਰਮਚਾਰੀ ਫੇਲ ਹੋਏ ਹਨ ਜਾਂ ਪੰਜਾਬ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ਸੰਸਥਾਵਾਂ ਵਿੱਚ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਤਰਸ ਦੇ ਆਧਾਰ ਤੇ ਹੁਣ ਤੱਕ ਨਿਯੁਕਤ ਹੋਏ ਕਲਰਕਾਂ ਦਾ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਲਿਆ ਜਾਣਾ ਹੈ। ਇਹ ਟਾਈਪ ਟੈਸਟ ਅਪ੍ਰੈਲ, 2024 ਵਿੱਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਲਿਆ ਜਾਣਾ ਹੈ। ਆਪ ਦੇ ਅਧੀਨ ਦਫਤਰਾਂ/ਸੰਸਥਾਵਾਂ ਵਿੱਚ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕ ਜਿਨ੍ਹਾਂ ਨੇ ਹੁਣ ਤੱਕ ਟਾਈਪ ਟੈਸਟ ਪਾਸ ਨਹੀਂ ਕੀਤਾ ਹੈ ਜਾਂ ਕੋਈ ਕਰਮਚਾਰੀ ਟਾਈਪ ਟੈਸਟ ਦੇਣ ਦਾ ਚਾਹਵਾਨ ਹੈ, ਦੇ ਨਾਮ ਅਤੇ ਹੋਰ ਵੇਰਵੇ ਹੇਠ ਲਿਖੇ ਪ੍ਰੋਫਾਰਮੇ ਵਿੱਚ ਭਰਕੇ ਇਸ ਦਫਤਰ ਨੂੰ ਮਿਤੀ 15-3-24 ਤੱਕ ਭੇਜਣੇ ਯਕੀਨੀ ਬਣਾਏ ਜਾਣ:-

| ਲੜੀ ਨੰ: | ਜਿਲ੍ਹਾ | ਕਰਮਚਾਰੀ ਦਾ ਨਾਂ (ਸਰਵ ਸ੍ਰੀ/ਸ੍ਰੀਮਤੀ) | ਪਿਤਾ ਦਾ ਨਾਂ (ਸਰਵ ਸ੍ਰੀ) | ਸਕੂਲ/ਸੰਸਥਾ ਦਾ ਨਾਂ | ਸਟਾਫ ਆਈ ਡੀ | ਫੋਨ ਨੰ. | ਕਰਮਚਾਰੀ ਜਿਹੜਾ ਟਾਈਪ ਟੈਸਟ ਦੇਣਾ ਚਾਹੁੰਦਾ ਹੈ | |
|---|---|---|---|---|---|---|---|---|
| | | | | | | | ਪੰਜਾਬੀ (ਰਾਵੀ) | ਅੰਗ੍ਰੇਜ਼ੀ |
| | | | | | | | | |
| | | | | | | | | |

2.0 ਉਕਤ ਪ੍ਰਫਾਰਮੇ ਵਿੱਚ ਇਹ ਸਪਸ਼ਟ ਕੀਤਾ ਜਾਵੇ ਕਿ ਕਰਮਚਾਰੀ ਵੱਲੋਂ ਪੰਜਾਬੀ ਜਾਂ ਅੰਗਰੇਜ਼ੀ ਦਾ ਟਾਈਪ ਟੈਸਟ ਦੇਣਾ ਹੈ ਜਾਂ ਦੋਵੇਂ ਹੀ ਟਾਈਪ ਟੈਸਟ ਦੇਣੇ ਹਨ। ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਮੂਹ ਕਲਰਕਾਂ ਨੂੰ ਤੁਰੰਤ ਨੋਟ ਕਰਵਾ ਦਿੱਤਾ ਜਾਵੇ। ਸਾਰੇ ਵੇਰਵੇ ਦਰੁਸਤ ਭਰੇ ਜਾਣਾ ਯਕੀਨੀ ਬਣਾਇਆ ਜਾਵੇ।

ਨੋਟ:- 1. ਪੰਜਾਬੀ ਟਾਈਪ ਟੈਸਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਵੀ ਫੌਂਟ ਵਿੱਚ ਲਿਆ ਜਾਵੇਗਾ।
2. ਕਰਮਚਾਰੀ ਆਪਣੇ ਨਿਯੁਕਤੀ ਪੱਤਰ ਦੀ ਕਾਪੀ, ਆਈ ਡੀ ਕਾਰਡ ਅਤੇ ਨਾਲ ਨੱਥੀ ਪ੍ਰਫਾਰਮੇ ਦੀ ਕਾਪੀ ਤਸਦੀਕ ਸ਼ੁਦਾ ਫੋਟੋ ਸਮੇਤ ਟਾਈਪ ਟੈਸਟ ਵਾਲੇ ਦਿਨ ਲੈ ਕੇ ਆਉਣਗੇ।

ਨੱਥੀ:- ਪਹਿਚਾਣ ਪੱਤਰ ਦੀ ਕਾਪੀ।

13/03/2024
ਸੁਪਰਡੰਟ ਦਫ਼ਤਰੀ ਅਮਲਾ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ: ਅ-4/1( ) 2024/ 233 ਮਿਤੀ 18-3-2024

ਸੂਚਨਾ ਹਿੱਤ ਉਪਰੋਕਤ ਪੱਤਰ ਅਨੁਸਾਰ ਸਮੂਹ ਵਿਭਾਗ ਦੇ ਮੁੱਖੀਆ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਵਿੱਚ ਦਿੱਤਾ ਪ੍ਰੋਫਾਰਮਾ ਅੱਜ ਮਿਤੀ 18-3-2024 ਨੂੰ ਦੋ ਵਜੇ ਤੱਕ ਮੋਬਾਇਲ ਨੰ 97802-20310 ਤੇ ਭੇਜਿਆ ਜਾਵੇ। ਦੇਰੀ/ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਮੁੱਖੀ ਜਿੰਮੇਵਾਰ ਹੋਵੇਗਾ।

18/3/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with OKEN Scanner